# ਪੰਜਾਬ ਸਕੂਲ ਸਿੱਖਿਆ ਬੋਰਡ

## (ਕਾਰਜ ਸੰਚਾਲਨ ਸ਼ਾਖਾ)

**ਦਸਵੀਂ/ ਬਾਰ੍ਹਵੀਂ ਸ਼੍ਰੇਣੀ ਦੀਆਂ ਪਰੀਖਿਆਵਾਂ ਮਾਰਚ 2023 ਦੌਰਾਨ ਉਪ-ਸੁਪਰਡੰਟ ਲਈ ਹਦਾਇਤਾਂ:-**

1. ਜੇਕਰ ਉਪਰੋਕਤ ਕੇਂਦਰ ਵਿੱਚ ਤੁਹਾਡਾ ਪੁੱਤਰ/ਪੁੱਤਰੀ/ ਨਜ਼ਦੀਕੀ ਰਿਸ਼ਤੇਦਾਰ ਪਰੀਖਿਆ ਦੇ ਰਿਹਾ ਹੈ/ਰਹੀ ਹੈ ਜਾਂ ਤੁਹਾਡੇ ਆਪਣੇ ਸਕੂਲ ਦੇ ਉਮੀਦਵਾਰ ਉਸੇ ਪਰੀਖਿਆ ਕੇਂਦਰ ਤੇ ਪਰੀਖਿਆ ਦੇ ਰਹੇ ਹਨ ਤਾਂ ਇਸ ਦੀ ਸੂਚਨਾ ਤੁਰੰਤ ਕੇਂਦਰ ਸੁਪਰਡੰਟ/ਜ਼ਿਲ੍ਹਾ ਸਿੱਖਿਆ ਅਫਸਰ ਨੂੰ ਦਿੱਤੀ ਜਾਵੇ। ਤੱਥਾਂ ਨੂੰ ਛੁਪਾ ਕੇ ਨਿਯੁਕਤੀ ਪ੍ਰਾਪਤ ਕਰਨ ਦੀ ਸੂਰਤ ਵਿੱਚ ਆਪ ਨੂੰ ਬੋਰਡ ਦੇ ਕਿਸ ਵੀ ਕੰਮ ਲਈ ਅਯੋਗ ਠਹਿਰਾਇਆ ਜਾਵੇਗਾ।
2. ਕੇਂਦਰ ਦੀ ਤਿਆਰੀ ਲਈ ਪਰੀਖਿਆ ਸ਼ੁਰੂ ਹੋਣ ਤੋ ਇੱਕ ਦਿਨ ਪਹਿਲਾਂ ਸਵੇਰੇ 11.00 ਵਜੇ ਕੇਂਦਰ ਸੁਪਰਡੰਟ ਨੂੰ ਹਾਜ਼ਰੀ ਰਿਪੋਰਟ ਪੇਸ਼ ਕੀਤੀ ਜਾਵੇ।
3. ਸਰਕਾਰ ਵਲੋਂ ਪਰੀਖਿਆ ਸਬੰਧੀ ਡਿਊਟੀ ਨੂੰ ਲਾਜ਼ਮੀ ਕਰਾਰ ਦਿੱਤਾ ਗਿਆ ਹੈ, ਇਸ ਲਈ ਜੇਕਰ ਆਪ ਬੋਰਡ ਵੱਲੋਂ ਦਿੱਤੇ ਕੇਂਦਰ ਤੇ ਡਿਊਟੀ ਲਈ ਹਾਜ਼ਰ ਨਹੀ ਹੋਵੇਗੇ ਤਾਂ ਆਪ ਵਿਰੁੱਧ ਅਨੁਸ਼ਾਸਨੀ ਕਾਰਵਾਈ ਲਈ ਕੇਸ ਅਗਲੇਰੀ ਕਾਰਵਾਈ ਲਈ ਸਕੂਲ ਸਿੱਖਿਆ ਵਿਭਾਗ, ਪੰਜਾਬ ਨੂੰ ਭੇਜਿਆ ਜਾਵੇਗਾ।
4. ਪਰੀਖਿਆ ਦੌਰਾਨ ਮੋਬਾਇਲ ਫੋਨ ਵਰਤਣ ਦੀ ਮਨਾਹੀ ਹੋਵੇਗੀ।
5. ਪਰੀਖਿਆ ਦੌਰਾਨ ਕਿਸੇ ਵੀ ਪਰੀਖਿਆਰਥੀ ਦੇ ਬੂਟ ਅਤੇ ਜੁਰਾਬਾਂ ਨਾ ਖੁਲ੍ਹਵਾਏ ਜਾਣ। ਕਿਸੇ ਦੀ ਧਾਰਮਿਕ ਭਾਵਨਾ ਨੂੰ ਠੇਸ ਨਾ ਪਹੁੰਚਾਈ ਜਾਵੇ (ਧਾਰਮਿਕ ਚਿਨ੍ਹ ਨਾ ਉਤਰਵਾਏ ਜਾਣ)। ਲੋੜ ਪੈਣ ਤੇ ਲੜਕੀਆਂ ਦੀ ਤਲਾਸ਼ੀ ਇਸਤਰੀ ਨਿਗਰਾਨ ਤੋਂ ਹੀ ਕਰਵਾਈ ਜਾਵੇ।
6. ਕੇਂਦਰ ਸੁਪਰਡੰਟ ਦੀ ਇੱਕ ਜਾਂ ਦੋ ਦਿਨ ਦੀ ਗੈਰ ਹਾਜਰੀ ਦੇ ਸਮੇ ਤੇ ਡਿਪਟੀ ਸੁਪਰਡੰਟ ਜੋ ਕਿ ਆਪਣੀ ਡਿਊਟੀ ਦੇ ਨਾਲ-ਨਾਲ ਕੇਂਦਰ ਸੁਪਰਡੰਟ ਦੀ ਡਿਊਟੀ ਵੀ ਨਿਭਾਏਗਾ।
7. ਪੰਜਾਬ ਸਰਕਾਰ ਵੱਲੋਂ COVID-19 ਸਬੰਧੀ ਸਮੇਂ ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਸਹੀ/-

ਸਹਾਇਕ ਸਕੱਤਰ (ਕਾਰਜ ਸੰਚਾਲਨ ਸ਼ਾਖਾ)

ਵਾਸਤੇ ਸਕੱਤਰ